Mail Sent
13/7/16

ਈ.ਮੇਲ

ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ-ਕਮ- ਫਸਟ ਐਪੀਲੈਟ ਅਥਾਰਟੀ,
ਐਸ..ਸੀ.ਓ. ਨੰਬਰ 177-178, ਸੈਕਟਰ-17ਸੀ, ਚੰਡੀਗੜ੍ਹ।

ਵੱਲ

ਪਬਲਿਕ ਇੰਨਫਰਮੇਸ਼ਨ ਅਫਸਰ
-ਕਮ- ਜ਼ਿਲ੍ਹਾ ਟਰਾਂਸਪੋਰਟ ਅਫਸਰ,
ਫਿਰਜ਼ੋਪੁਰ।

ਨੰਬਰ ਵਸਟਕ/ਅਪੀਲ ਨੰਬਰ 99 ਆਫ 2016/ 34410
ਮਿਤੀ 13-7-16

ਵਿਸ਼ਾ:- ਆਰ.ਟੀ.ਆਈ.ਐਕਟ 2005 ਅਧੀਨ ਅਪੀਲ ਦੀ ਸੁਣਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰਬਰ ਵਸਟਕ/ਅਪੀਲ ਨੰਬਰ 99 ਆਫ 2016/31582 ਮਿਤੀ 27-6-2016 ਦੇ ਸਬੰਧ ਵਿੱਚ।

2. ਆਪ ਜੀ ਨੂੰ ਸ਼੍ਰੀ ਵਿੱਕੀ ਬਜਾਜ ਪੁੱਤਰ ਸ਼੍ਰੀ ਕੇ.ਐਲ. ਬਜਾਜ, ਵਾਸੀ 51, ਵਿਕਾਸ ਵਿਹਾਰ, ਫੇਸ-1,ਫਿਰਜ਼ੋਪੁਰ ਸ਼ਹਿਰ -152001 ਮੋਬਾਈਲ 95631-00631 ਦੀ ਪ੍ਰਤੀਬੇਨਤੀ ਮਿਤੀ 20-06-2016 ਭੇਜ ਕੇ ਬੇਨਤੀ ਕੀਤੀ ਗਈ ਸੀ ਕਿ ਇਸ ਕੇਸ ਨਾਲ ਸਬੰਧਤ ਰਿਕਾਰਡ ਸਮੇਤ ਮਿਤੀ 8 -7-2016 ਨੂੰ 11.00 ਵਜੇ ਨਿਮਨਹਸਤਾਖਰ ਦੇ ਕਮਰੇ ਵਿੱਚ ਸੂਚਨਾ ਸਮੇਤ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਕੇਸ ਦਾ ਨਿਪਟਾਰਾ ਕੀਤਾ ਜਾ ਸਕੇ।

3. ਪ੍ਰੰਤੂ ਨਾਂ ਤਾਂ ਆਪ ਹਾਜ਼ਰ ਆਏ ਅਤੇ ਨਾ ਹੀ ਕੋਈ ਸੂਚਨਾ ਭੇਜੀ ਗਈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪੀਲਕਰਤਾ ਨੂੰ ਮੰਗੀ ਗਈ ਸੂਚਨਾ ਆਰ.ਟੀ.ਆਈ ਐਕਟ2005 ਤਹਿਤ ਇੱਕ ਹਫਤੇ ਦੇ ਅੰਦਰ ਅੰਦਰ ਮੁਹੱਈਆ ਕਰਵਾਈ ਜਾਵੇ ਸਕੇ।

13-7-16
ਫਸਟ ਐਪੀਲੈਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

ਪਿੱਠ ਅੰਕਣ ਨੰ: ਸਟਕ/ ਵਸਟਕ/ਅਪੀਲ ਨੰ: 99 ਆਫ 2016/ 34411 ਮਿਤੀ: 13-7-16

ਉਤਾਰਾ ਸ਼੍ਰੀ ਵਿੱਕੀ ਬਜਾਜ ਪੁੱਤਰ ਸ਼੍ਰੀ ਕੇ.ਐਲ. ਬਜਾਜ, ਵਾਸੀ 51, ਵਿਕਾਸ ਵਿਹਾਰ, ਫੇਸ-1,ਫਿਰਜ਼ੋਪੁਰ ਸ਼ਹਿਰ -152001 ਮੋਬਾਈਲ 95631-00631 ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

13-7-16
ਫਸਟ ਐਪੀਲੈਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ

12/7/16

Mail Sent
27/6/16

ਈ.ਮੇਲ

ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ-ਕਮ- ਫਸਟ ਐਪੀਲੇਟ ਅਥਾਰਟੀ,
ਐਸ..ਸੀ.ਓ. ਨੰਬਰ 177-178, ਸੈਕਟਰ-17ਸੀ, ਚੰਡੀਗੜ੍ਹ।

ਵੱਲ

ਪਬਲਿਕ ਇੰਨਫਰਮੇਸ਼ਨ ਅਫਸਰ
-ਕਮ- ਜ਼ਿਲ੍ਹਾ ਟਰਾਂਸਪੋਰਟ ਅਫਸਰ,
ਫਿਰਜ਼ੋਪੁਰ।

ਨੰਬਰ ਵਸਟਕ/ਅਪੀਲ ਨੰਬਰ 99 ਆਫ 2016/31582
ਮਿਤੀ 27-6-16

ਵਿਸ਼ਾ:- ਆਰ.ਟੀ.ਆਈ.ਐਕਟ 2005 ਅਧੀਨ ਅਪੀਲ ਦੀ ਸੁਣਵਾਈ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਆਪ ਜੀ ਨੂੰ ਸ਼੍ਰੀ ਵਿੱਕੀ ਬਜਾਜ ਪੁੱਤਰ ਸ਼੍ਰੀ ਕੇ.ਐਲ. ਬਜਾਜ, ਵਾਸੀ 51, ਵਿਕਾਸ ਵਿਹਾਰ, ਫੇਸ-1,ਫਿਰਜ਼ੋਪੁਰ ਸ਼ਹਿਰ -152001 ਮੋਬਾਈਲ 95631-00631 ਦੀ ਪ੍ਰਤੀਬੇਨਤੀ ਮਿਤੀ 20-06-2016 (ਕਾਪੀ ਨੱਥੀ)ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕੇਸ ਨਾਲ ਸਬੰਧਤ ਰਿਕਾਰਡ ਸਮੇਤ ਮਿਤੀ 8 -7-2016 ਨੂੰ 11.00 ਵਜੇ ਨਿਮਨਹਸਤਾਖਰ ਦੇ ਕਮਰੇ ਵਿੱਚ ਸੂਚਨਾ ਸਮੇਤ ਹਾਜ਼ਰ ਹੋਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਇਸ ਕੇਸ ਦਾ ਨਿਪਟਾਰਾ ਕੀਤਾ ਜਾ ਸਕੇ।

27-6-16

ਫਸਟ ਐਪੀਲੈਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ।

ਪਿੱਠ ਅੰਕਣ ਨੰ: ਸਟਕ/ ਵਸਟਕ/ਅਪੀਲ ਨੰ: 99 ਆਫ 2016/ 31583 ਮਿਤੀ: 27-6-16

ਉਤਾਰਾ ਸ਼੍ਰੀ ਵਿੱਕੀ ਬਜਾਜ ਪੁੱਤਰ ਸ਼੍ਰੀ ਕੇ.ਐਲ. ਬਜਾਜ, ਵਾਸੀ 51, ਵਿਕਾਸ ਵਿਹਾਰ, ਫੇਸ-1,ਫਿਰਜ਼ੋਪੁਰ ਸ਼ਹਿਰ -152001 ਮੋਬਾਈਲ 95631-00631 ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

27-6-16

ਫਸਟ ਐਪੀਲੈਟ ਅਥਾਰਟੀ-ਕਮ-
ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ,ਪੰਜਾਬ

27/6/16

ਸੇਵਾ ਵਿਖੇ,

ਮਾਨਯੋਗ ਵਧੀਕ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ-ਕਮ-
ਫਸਟ ਐਪੀਲੇਟ ਅਥਾਰਟੀ,
ਐਸ.ਸੀ.ਓ.177-178, ਸੈਕਟਰ 17ਸੀ,
ਚੰਡੀਗੜ੍ਹ ।

ਵਿਸ਼ਾ:........ ਪਹਿਲੀ ਅਪੀਲ ਬਾਬਤ ਸੂਚਨਾਂ ਸਬੰਧੀ ਅਧਿਕਾਰ ਕਾਨੂੰਨ-2005 ਤਹਿਤ ਲੋਕ ਸੂਚਨਾਂ ਅਧਿਕਾਰੀ-ਕਮ ਜਿਲ੍ਹਾ ਟਰਾਂਸਪੋਰਟ ਅਫਸਰ, ਫਿਰੋਜਪੁਰ-152001 ਵੱਲੋਂ ਮੰਗੀ ਗਈ ਸੂਚਨਾਂ ਨਾਂ ਦੇਣ ਕਰਕੇ ਕਿਏ ਜਾਣੇ ਕਾਰਵਾਈ ਵਾ ਦਿਲਾਏ ਜਾਣੇ ਸਬੰਧਤ ਸੂਚਨਾਂ ।

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਸੂਚਨਾਂ ਸਬੰਧੀ ਅਧਿਕਾਰ ਕਾਨੂੰਨ-2005 ਤਹਿਤ ਫਾਰਮ-ਏ ਮਹਿ ਦਰਖਾਸਤ ਫੀਸ ਇੰਡੀਅਨ ਪੋਸਟਲ ਆਰਡਰ ਰੁ:10/- ਦੇ ਲਗਾ ਕੇ ਦਰਖਾਸਤ ਮਿਤੀ 2-5-2016 ਨੂੰ ਲੋਕ ਸੂਚਨਾਂ ਅਧਿਕਾਰੀ-ਕਮ ਜਿਲ੍ਹਾ ਟਰਾਂਸਪੋਰਟ ਅਫਸਰ, ਫਿਰੋਜਪੁਰ-152001 ਨੂੰ ਰਜਿਸਟਰਡ ਡਾਕ ਰਾਹੀਂ ਸੂਚਨਾਂ ਬਾਬਤ ਡੀ.ਟੀ.ਓ. ਦਫਤਰ ਫਿਰੋਜਪੁਰ ਵਿੱਚ ਸਮਾਰਟ ਚਿੱਪ ਕੰਪਨੀ ਅਤੇ ਸੋਸਾਇਟੀ ਵੱਲੋਂ ਡਿਊਟੀ ਪਰ ਕੰਮ ਕਰ ਰਹੇ ਕਰਮਚਾਰੀਆਂ ਆਦਿ ਦੇ ਸਬੰਧ ਵਿੱਚ ਮਿਤੀ 01-01-2015 ਤੋਂ ਮਿਤੀ 29-04-2016 ਤੱਕ ਦੇ ਸਮੇਂ ਦੀ 7 ਨੁਕਤਿਆਂ ਤਹਿਤ ਤਸਦੀਕਸੁਦਾ ਸੂਚਨਾਂ ਮੰਗੀ ਸੀ, ਜਿਸ ਦੀਆਂ ਫੋਟੋ ਸਟੈਟ ਕਾਪੀਆਂ ਨਾਲ ਸ਼ਾਮਲ ਹਨ ।

ਇਹ ਕਿ ਪਬਲਿਕ ਇੰਨਫਰਮੇਸ਼ਨ ਅਫਸਰ-ਕਮ-ਜਿਲ੍ਹਾ ਟਰਾਂਸਪੋਰਟ ਅਫਸਰ, ਫਿਰੋਜਪੁਰ-152001 ਨੇ ਆਪਣੇ ਪੱਤਰ ਪਿੱਠ ਅੰਕਣ ਨੰ: ਡੀ.ਟੀ.ਓ./ਫਿਰੋਜਪੁਰ/403, ਮਿਤੀ 03-05-2016 ਰਾਹੀਂ ਨੁਕਤਾ ਨੰਬਰ 1, 2, 3, 5 ਤੇ 6 ਆਤਿਸ਼ ਗੁਪਤਾ, ਪ੍ਰਾਜੈਕਟ ਹੈਡੱ(ਉਪਰੇਸ਼ਨਸ) ਸਮਾਰਟ ਚਿੱਪ # 591, ਸੈਕਟਰ-69 ਮੋਹਾਲੀ ਨਾਲ ਸਬੰਧਤ ਹੋਣ ਕਰਕੇ ਅਤੇ ਨੁਕਤਾ ਨੰਬਰ 7 ਕਾਰਜ਼ਕਾਰੀ ਇੰਜੀਨੀਅਰ, ਪੀ.ਡਬਲਿਊ.ਡੀ.(ਬੀ.ਐਡ.ਆਰ) ਫਿਰੋਜਪੁਰ ਨਾਲ ਸਬੰਧਤ ਲਿੱਖ ਕੇ ਉਨ੍ਹਾਂ ਨੂੰ ਸੂਚਨਾਂ ਦੇਣ ਬਾਰੇ ਲਿਖਿਆ ਹੈ ਅਤੇ ਨੁਕਤਾ ਨੰਬਰ 4 ਦੀ ਫੋਟੋ ਕਾਪੀ ਬਿਨ੍ਹਾਂ ਤਸਦੀਕਸੁਦਾ ਦਿੱਤੀ ਹੈ, ਜੋ ਕਿ ਮੈਨੂੰ ਮੇਰੇ ਵੱਲੋਂ ਮੰਗੀ ਗਈ ਸੂਚਨਾਂ ਅਧੂਰੀ ਅਤੇ ਕੁਰਾਹੇ ਪਾਉਣ ਵਾਲੀ ਭੇਜੀ ਹੈ । ਇਸ ਲਈ ਹੁਣ ਤੱਕ ਮੈਨੂੰ ਕੁਰਾਹੇ ਪਾ ਕੇ ਖੱਜਲ ਖੁਆਰ ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ ।

ਕਿਰਪਾ ਕਰਕੇ ਮੇਰੀ ਇਹ ਪਹਿਲੀ ਅਪੀਲ ਮੰਨਜੂਰ ਕਰਕੇ ਲੋਕ ਸੂਚਨਾਂ ਅਧਿਕਾਰੀ-ਕਮ-ਜਿਲ੍ਹਾ ਟਰਾਂਸਪੋਰਟ ਅਫਸਰ ਫਿਰੋਜਪੁਰ-152001 ਦੇ ਬਰਖਿਲਾਫ ਆਰ.ਟੀ.ਆਈ.ਐਕਟ 2005 ਤਹਿਤ ਬਣਦੀ ਕਾਨੂੰਨੀ ਕਾਰਵਾਈ ਕਰਕੇ ਜੁਰਮਾਨਾਂ ਪਾਇਆ ਜਾਵੇ ਤੇ ਫਾਰਮ-ਏ ਤਹਿਤ ਮੰਗੀ ਗਈ 7 ਨੁਕਤਿਆਂ ਸਬੰਧੀ ਮੁਕੰਮਲ ਸੂਚਨਾਂ ਮੈਨੂੰ ਜਲਦ ਮੁਹੱਈਆ ਕਰਵਾਈ ਜਾਵੇ ਜੀ ।

ਅਪੀਲ ਕਰਤਾ...

ਮਿਤੀ: 20-6-2016.

Vicky Bajaj

ਨੱਥੀ:- ਉਕਤ ਅਨੁਸਾਰ ।

ਵਿੱਕੀ ਬਜਾਜ ਪੁੱਤਰ ਸ਼੍ਰੀ ਕੇ.ਐਲ.ਬਜਾਜ
ਵਾਸੀ 51, ਵਿਕਾਸ ਵਿਹਾਰ, ਫੇਸ-1,
ਫਿਰੋਜਪਰ ਸਹਿਰ(ਪੰਜਾਬ)-152001.

अधपत्रा COUNTERFOIL
डाइका पैक अपने पास रख लें।
To be detached and kept by the Sender.

पोस्टल आर्डर
₹ 10
POSTAL ORDER

किसे अदा करना To whom payable: DTO Ferozepur
किस डाकघर में At what Office: FZR
क्या इसे क्रास किया है Whether crossed: Yes
भेजने की तारीख Date sent: 2/5/2016
31F 357944

# RIGHT TO INFORMATION ACT,2005

532 PUNJAB GOVT.GAZ.(EXTRA), OCTOBER 12, 2005.
(ASVINA 20, 1927 SAKA)

## FORM 'A'

To
Public Information Officer/
...rict Transport Officer,
...zepur.

...e of the applicant: ਵਿੱਕੀ ਬਜਾਜ ਪੁੱਤਰ ਸ੍ਰੀ ਕੇ.ਐਲ.ਬਜਾਜ

: 51, ਵਿਕਾਸ ਵਿਹਾਰ, ਫੇਸ-1, ਫਿਰੋਜਪੁਰ ਸ਼ਹਿਰ-152002.

...ars of information required-
...ct matter of information: ਸੂਚਨਾਂ ਬਾਬਤ ਡੀ.ਟੀ.ਓ. ਦਫਤਰ ਫਿਰੋਜਪੁਰ ਵਿੱਚ ਸਮਾਰਟ ਚਿੱਪ ਕੰਪਨੀ ਅਤੇ ਸੋਸਾਇਟੀ ਵੱਲੋਂ ਡਿਊਟੀ ਪਰ ਕੰਮ ਕਰ ਰਹੇ ਕਰਮਚਾਰੀਆਂ ਆਦਿ ਦੇ ਸਬੰਧ ਵਿੱਚ ।

(ii) The period to which the Information relates: ਮਿਤੀ 01-01-2015 ਤੋਂ ਮਿਤੀ 29-04-2016 ਤੱਕ ।

(iii) Description of the Information required: ਉਕਤ ਪੈਰਾ (3)(i)(ii)ਅਨੁਸਾਰ

1) ਇਸ ਸਮੇਂ ਦੌਰਾਨ ਸਮਾਰਟ ਚਿੱਪ ਕੰਪਨੀ ਵੱਲੋਂ ਆਪ ਦੇ ਦਫਤਰ ਵਿੱਚ ਲਗਾਏ ਗਏ ਇੰਨਚਾਰਜ ਅਤੇ ਹੋਰ ਦੂਸਰੇ ਕਰਮਚਾਰੀਆਂ(ਕੰਪਿਊਟਰ ਡਾਟਾ ਓਪਰੇਟਰ) ਦੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿੰਨੀ ਯੋਗਤਾ ਹੋਣੀ ਚਾਹੀਦੀ ਹੈ, ਬਾਰੇ ਸੂਚਨਾ ਦਿੱਤੀ ਜਾਵੇ ।

2) ਆਂਸ਼ੂ ਖੁੱਲਰ ਜੋ ਆਪ ਦੇ ਦਫਤਰ ਵਿਚ ਸਮਾਰਟ ਚਿੱਪ ਕੰਪਨੀ ਵੱਲੋਂ ਇੰਨਚਾਰਜ ਲਗਾਇਆ ਗਿਆ ਹੈ ਦੀ ਯੋਗਤਾ ਬਾਰੇ ਸੂਚਨਾਂ ਦਿੱਤੀ ਜਾਵੇ ।

3) ਜਰਨੈਲ ਸਿੰਘ, ਗੁਰਦੇਵ ਸਿੰਘ, ਸਰਬਜੀਤ ਸਿੰਘ, ਹਰਪਾਲ ਸਿੰਘ,, ਦਵਿੰਦਰ ਸਿੰਘ ਕਲਸੀ ਅਤੇ ਰਣਦੀਪ ਜੋ ਆਪ ਦੇ ਦਫਤਰ ਵਿੱਚ ਸਮਾਰਟ ਚਿੱਪ ਕੰਪਨੀ ਵੱਲੋਂ ਕਰਮਚਾਰੀ(ਕੰਪਿਊਟਰ ਡਾਟਾ ਓਪਰੇਟਰ) ਲਗਾਏ ਗਏ- ਹਨ, ਇਹਨਾਂ ਦੀ ਇਸ ਦਫਤਰ ਵਿੱਚ ਭਰਤੀ ਸਮੇਂ ਲਗਾਏ ..ਗਏ ਯੋਗਤਾ ਸਰਟੀਫਿਕੇਟ ਅਤੇ ਕੰਪਿਊਟਰ ਚਲਾਉਣ ਸਬੰਧੀ ਡਿਪਲੋਮਾਂ ਜਾਂ ਕਿਸੇ ਵੀ ਸੰਸਥਾ ਵੱਲੋਂ ਜਾਰੀ ਕੰਪਿਊਟਰ ਸਰਟੀਫਿਕੇਟਾਂ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ ।

4) ਦੀਪਇੰਦਰ ਸਿੰਘ ਜੋ ਕਿ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਸੋਸਾਇਟੀ ਅਧੀਨ ਆਪ ਦੇ ਦਫਤਰ ਵਿੱਚ ਕੰਮ ਕਰ ਰਿਹਾ ਹੈ, ਦੇ ਭਰਤੀ ਦੇ ਹੁਕਮਾਂ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ ਅਤੇ ਉਸ ਤੋਂ ਬਾਅਦ ਇਸਦੀ ਨੌਕਰੀ ਦਾ ਸਮਾਂ ਵਧਾਏ ਜਾਣ ਬਾਰੇ ਕੀਤੇ ਹੁਕਮਾਂ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ ।

5) ਆਪ ਦੇ ਦਫਤਰ ਅਧੀਨ ਕਿਸੇ ਕੰਪਨੀ ਜਾਂ ਸੋਸਾਇਟੀ ਵੱਲੋਂ ਜੋ ਡਰਾਇਵਿੰਗ ਟਰੈਕ ਖੋਲ੍ਹਿਆ ਗਿਆ ਹੈ, ਇਸ ਟਰੈਕ ਤੇ ਜਦੋਂ ਐਪਲੀਕਾਂਟ ਵੱਲੋਂ ਟੈਸਟ ਫੀਸ ਜਮ੍ਹਾਂ ਕਰਵਾਉਣ ਤੋਂ ਬਾਅਦ ਉਸਦਾ ਟੈਸਟ ਲਿਆ ਜਾਂਦਾ ਹੈ ਉਸ ਸਮੇਂ ਟੂ-ਵ੍ਹੀਲਰ ਅਤੇ ਫੋਰ-ਵ੍ਹੀਲਰ ਉਸ ਕੰਪਨੀ ਜਾਂ ਸੋਸਾਇਟੀ ਵੱਲੋਂ ਮੁਹੱਈਆ ਕਰਵਾਇਆ ਜਾਂਦਾ ਹੈ ਜਾਂ ਐਪਲੀਕਾਂਟ ਖੁਦ ਲੈ ਕੇ ਆਉਂਦਾ ਹੈ, ਬਾਰੇ ਸੂਚਨਾਂ ਦਿੱਤੀ ਜਾਵੇ ।

6) ਆਪ ਦੇ ਦਫਤਰ ਅਧੀਨ ਜੋ ਕਿਸੇ ਕੰਪਨੀ ਜਾਂ ਸੋਸਾਇਟੀ ਵੱਲੋਂ ਡਰਾਇਵਿੰਗ ਟਰੈਕ ਖੋਲ੍ਹਿਆ ਗਿਆ ਹੈ, ਉਸ ਬਾਰੇ ਸਰਕਾਰ ਨਾਲ ਜਾਂ ਆਪ ਦੇ ਦਫਤਰ ਨਾਲ ਹੋਏ ਐਗਰੀਮੈਂਟ ਦੀ ਤਸਦੀਕਸ਼ੁਦਾ ਕਾਪੀ ਦਿੱਤੀ ਜਾਵੇ. ।

7) ਇਸ ਟਰੈਕ ਦੇ ਬਨਾਉਣ ਸਬੰਧੀ ਜੋ ਲਾਗਤ ਆਈ, ਉਸ ਬਾਰੇ ਵੇਰਵੇ ਸਹਿਤ ਸੂਚਨਾਂ ਦਿੱਤੀ ਜਾਵੇ ।

(iv) Whether information is required by post or in person ("the actual postal charges shall be included in additional fees). ਡਾਕ ਰਾਹੀਂ (ਇੰਡੀਅਨ ਪੋਸਟਲ ਆਰਡਰ ਰੁ: 10/- ਦਰਖਾਸਤ ਫੀਸ ਨਾਲ ਨੱਥੀ ਹੈ) IPO No. 31F 357944

(v) In case by post(Ordinary, Registered or Speed Post). Registered Post.

Place:Ferozepur.
Dated: 2-5-2016

VICKY BAJAJ
Signature of the applicant.
(Vicky Bajaj)
Mobile No.96533-65252.

भारतीय डाक
India Post

FEROZEPUR H.O <152001>
RP552546682IN
Counter No:2,OP-Code:01

ACKNOWLEDGEMENT

...ion dated ______________ vide Diary No.
...ted

(ਰਜਿਸਟਰਡ ਡਾਕ ਰਾਹੀਂ)

ਵੱਲੋ:

ਪਬਲਿਕ ਇੰਨਫਰਮੇਸ਼ਨ ਅਫਸਰ-ਕਮ-
ਜ਼ਿਲਾ ਟਰਾਂਸਪੋਰਟ ਅਫਸਰ,
ਫਿਰੋਜ਼ਪੁਰ ।

ਵੱਲ:

1) ਆਤਿਸ਼ ਗੁਪਤਾ, ਪ੍ਰਾਜੈਕਟ ਹੈੱਡ (ਉਪਰੇਸ਼ਨਸ)
ਸਮਾਰਟ ਚਿੱਪ # 591,
ਸੈਕਟਰ-69 ਮੋਹਾਲੀ ।

2) ਕਾਰਜ਼ਕਾਰੀ ਇੰਜੀਨੀਅਰ,
ਪੀ.ਡਬਲਿਊ.ਡੀ.(ਬੀ.ਐਡ.ਆਰ),
ਫਿਰੋਜ਼ਪੁਰ ।

ਮੀਮੋ ਨੰਬਰ ੫੦੧-੫੦੨/ਡੀਟੀਓ/ਫਿਰੋਜ਼ਪੁਰ ਮਿਤੀ ੦੩-੦੫-੨੦੧੬

ਵਿਸ਼ਾ:- ਆਰ.ਟੀ.ਆਈ. ਐਕਟ ਦੀ ਧਾਰਾ 6 ਉਪ-ਧਾਰਾ 3 ਅਧੀਨ ਦਰਖਾਸਤ ਤਬਦੀਲ ਕਰਨ ਸੰਬੰਧੀ।

1. ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਵਿੱਕੀ ਬਜਾਜ ਪੁੱਤਰ ਸ੍ਰੀ ਕੇ.ਐਲ ਬਜਾਜ 51, ਵਿਕਾਸ ਵਿਹਾਰ, ਫੇਸ-1 ਫਿਰੋਜ਼ਪੁਰ ਸ਼ਹਿਰ-152002 ਵੱਲੋਂ ਮਿਤੀ 02-05-2016 ਦੀ ਦਰਖਾਸਤ ਅਨੁਸਾਰ ਆਰ.ਟੀ.ਆਈ ਐਕਟ ਅਧੀਨ ਸੱਤ ਨੁਕਤਿਆਂ ਦੀ ਸੂਚਨਾਂ ਮੰਗੀ ਗਈ ਹੈ। ਜਿਸ ਵਿੱਚ ਨੁਕਤਾ ਨੰਬਰ 1,2,3,5 ਅਤੇ 6 ਦਾ ਸੰਬੰਧ ਸਮਾਰਟ ਚਿੱਪ ਦਫ਼ਤਰ ਨਾਲ ਹੈ। ਇਸ ਲਈ ਵਿੱਕੀ ਬਜਾਜ ਪੁੱਤਰ ਸ੍ਰੀ ਕੇ.ਐਲ ਬਜਾਜ 51, ਵਿਕਾਸ ਵਿਹਾਰ, ਫੇਸ-1 ਫਿਰੋਜ਼ਪੁਰ ਸ਼ਹਿਰ-152002 ਵੱਲੋਂ ਮੰਗੀ ਗਈ ਸੂਚਨਾਂ ਦੀ ਕਾਪੀ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਨੁਕਤਾ ਨੰਬਰ 1,2,3,5 ਅਤੇ 6 ਦਾ ਜਵਾਬ ਪ੍ਰਾਰਥੀ ਨੂੰ ਸਿੱਧੇ ਰੂਪ ਵਿੱਚ ਮਿੱਥੇ ਸਮੇ ਅੰਦਰ ਮੁਹੱਈਆ ਕਰਵਾਇਆ ਜਾਵੇ।

2. ਨੁਕਤਾ ਨੰਬਰ 7 ਦਾ ਸੰਬੰਧ ਕਾਰਜਕਾਰੀ ਇੰਜੀਨੀਅਰ ਦੇ ਦਫ਼ਤਰ ਨਾਲ ਹੈ । ਇਸ ਲਈ ਵਿੱਕੀ ਬਜਾਜ ਪੁੱਤਰ ਸ੍ਰੀ ਕੇ.ਐਲ.ਬਜਾਜ 51, ਵਿਕਾਸ ਵਿਕਾਸ, ਫੇਸ-1 ਫਿਰੋਜ਼ਪੁਰ ਸ਼ਹਿਰ-152002 ਵੱਲੋ ਮੰਗੀ ਗਈ ਸੂਚਨਾਂ ਦੀ ਕਾਪੀ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਨੁਕਤਾ ਨੰਬਰ 7 ਦਾ ਜਵਾਬ ਕਾਰਜਕਾਰੀ ਇੰਜੀਨੀਅਰ ਵੱਲੋਂ ਪ੍ਰਾਰਥੀ ਨੂੰ ਸਿੱਧੇ ਰੂਪ ਵਿੱਚ ਮਿਥੇ ਸਮੇ ਅੰਦਰ ਮੁਹੱਈਆ ਕਰਵਾਇਆ ਜਾਵੇ ।

ਪਬਲਿਕ ਇੰਨਫਰਮੇਸ਼ਨ ਅਫਸਰ-ਕਮ-
ਜ਼ਿਲਾ ਟਰਾਂਸਪੋਰਟ ਅਫਸਰ,
ਫਿਰੋਜ਼ਪੁਰ ।

ਪਿੱਠਅੰਕਣ ਨੰ:ਡੀ.ਟੀ.ਓ/ਫਿਰੋਜ਼ਪੁਰ/ ੫੦੩ /ਮਿਤੀ: ੦੩-੦੫-੨੦੧੬

ਉਪਰਕੋਤ ਦਾ ਉਤਾਰਾ ਵਿੱਕੀ ਬਜਾਜ ਪੁੱਤਰ ਸ੍ਰੀ ਕੇ.ਐਲ ਬਜਾਜ 51, ਵਿਕਾਸ ਵਿਹਾਰ, ਫੇਸ-1 ਫਿਰੋਜ਼ਪੁਰ ਸ਼ਹਿਰ-152002 ਨੂੰ ਰਜਿਸਟਰਡ ਡਾਕ ਰਾਹੀਂ ਭੇਜਿਆ ਜਾਂਦਾ ਹੈ ਕਿ ਅਤੇ ਨਾਲ ਹੀ ਨੁਕਤਾ ਨੰਬਰ 4 ਅਨੁਸਾਰ ਮੰਗੇ ਗਏ ਦਸਤਾਵੇਜ਼ ਸ੍ਰੀ ਦੀਪਿੰਦਰ ਸਿੰਘ ਦੀ ਪੰਜਾਬ ਸਟੇਟ ਟਰਾਂਸਪੋਰਟ ਸੋਸਾਇਟੀ ਵੱਲੋਂ ਨਿਯੁਕਤੀ ਪੱਤਰ ਦੀ ਫੋਟੋ ਕਾਪੀ ਭੇਜੀ ਜਾਂਦੀ ਹੈ ।